# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ-8, ਸ.ਅ.ਸ. ਨਗਰ, ਈਮੇਲ: iedpunjabssa@gmail.com

ਵੱਲ

**ਸਮੂਹ ਜ਼ਿਲ੍ਹਿਆ ਸਿੱਖਿਆ ਅਫਸਰ (ਐ.ਸਿੱ./ ਸੈ.ਸਿੱ.)**
**ਪੰਜਾਬ।**

ਮੀਮੋ ਨੰ : ਆਈ.ਈ.ਡੀ./ਸਸਅ/2018/68359-402 ਮਿਤੀ : 13-11-18

ਵਿਸ਼ਾ :- **EDUSAT Network ਉੱਤੇ ਵਿਸ਼ੇਸ਼ ਲੋੜਾਂ ਵਾਲੇ ਦਿਵਿਯਾਂਗ ਵਿਦਿਆਰਥੀਆਂ ਦੀ classroom inclusion ਲਈ ਮਿਤੀ 15.11.2018 ਨੂੰ ਦੋ ਘੰਟੇ ਦੀ ਟ੍ਰੇਨਿੰਗ ਲਗਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ **15.11.2018** ਨੂੰ ਦੋਪਿਹਰ **1:20** ਤੋਂ **3:20** ਵਜੇ ਤੱਕ ਐਜੂਸੈਟ ਨੈਟਵਰਕ ਰਾਹੀਂ ਐਜੂਸੈਟ ਦੀ ਸੁਵਿਧਾ ਵਾਲੇ ਸਕੂਲਾਂ ਵਿੱਚ ਦਿਵਿਆਂਗ ਵਿਦਿਆਰਥੀਆਂ ਸਬੰਧੀ ਦੋ ਘੰਟੇ ਦੀ ਟ੍ਰੇਨਿੰਗ ਦਿੱਤੀ ਜਾਵੇਗੀ।

3.0 **ਟ੍ਰੇਨਿੰਗ ਦਾ ਅਜੰਡਾ** :- ਇਸ ਟ੍ਰੇਨਿੰਗ ਵਿੱਚ 21 ਤਰ੍ਹਾਂ ਦੇ ਵਿਸ਼ੇਸ਼ ਲੋੜਾਂ ਵਾਲੇ ਦਿਵਿਯਾਂਗ ਬੱਚਿਆਂ ਦੀ RPwD (Rights of Persons with Disability) Act 2016 ਅਨੁਸਾਰ ਪਹਿਚਾਣ ਅਤੇ ਉਹਨਾਂ ਨੂੰ inclusive classroom ਵਿੱਚ ਬਾਕੀ ਬੱਚਿਆਂ ਨਾਲ ਹੀ ਬਿਠਾ ਕੇ ਪੜ੍ਹਾਉਣ ਦੀਆਂ ਵਿਧੀਆਂ ਬਾਰੇ ਦੱਸਿਆ ਜਾਵੇਗਾ। ਉਕਤ ਟ੍ਰੇਨਿੰਗ Samarthanam Trust for the Disabled, Bengaluru ਦੇ ਨੁਮਾਇੰਦੇ ਡਾ. ਅਨੁਪ੍ਰਿਯਾ ਚੱਢਾ ਵੱਲੋਂ ਦਿੱਤੀ ਜਾਵੇਗੀ।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਸਮੂਹ ਸਕੂਲ ਮੁੱਖੀਆਂ (ਪ੍ਰਾਇਮਰੀ/ਮਿਡਲ/ਹਾਈ/ਸੀਨੀ.ਸੈਕੰ.) ਨੂੰ ਹਦਾਇਤ ਕੀਤੀ ਜਾਵੇ ਕਿ ਉਕਤ ਟ੍ਰੇਨਿੰਗ ਵਿੱਚ ਵੱਧ ਤੋਂ ਵੱਧ ਅਧਿਆਪਕਾਂ ਦਾ ਸਕੂਲ ਦੇ ਐਜੂਸੈਟ ਜਾਂ ਨੇੜੇ ਦੇ ਸਕੂਲ ਦੇ ਐਜੂਸੈਟ ਰਾਹੀਂ ਭਾਗ ਲੈਣਾ ਯਕੀਨੀ ਬਣਾਇਆ ਜਾਵੇ। ਪਰੰਤੂ ਇਹ ਧਿਆਨ ਰਹੇ ਕਿ ਹਰ ਸਕੂਲ ਵਿੱਚੋਂ ਘੱਟੋ-ਘੱਟ ਇੱਕ ਅਧਿਆਪਕ ਟ੍ਰੇਨਿੰਗ ਵਿੱਚ ਸ਼ਾਮਲ ਹੋਵੇ ਅਤੇ ਇੱਕ ਅਧਿਆਪਕ ਪਿੱਛੇ ਸਕੂਲ ਵਿੱਚ ਵੀ ਰਹੇ ਤਾਂ ਜੋ ਸਕੂਲ ਦੇ ਕੰਮ-ਕਾਜ ਵਿੱਚ ਵਿਘਨ ਨਾ ਪਵੇ। ਇਹ ਧਿਆਨ ਦਿੱਤਾ ਜਾਵੇ ਕਿ ਜਿਹੜੇ ਅਧਿਆਪਕ ਇਹੀ ਟ੍ਰੇਨਿੰਗ 1st batch ਵਿੱਚ ਮਿਤੀ 28.05.2018 ਨੂੰ attend ਕਰ ਚੁੱਕੇ ਹਨ, ਉਹ ਇਹ ਟ੍ਰੇਨਿੰਗ ਦੁਬਾਰਾ ਨਾ ਲਗਾਉਣ। ਇਸ ਟ੍ਰੇਨਿੰਗ ਲਈ ਵੱਖਰੇ ਅਧਿਆਪਕਾਂ ਨੂੰ ਭੇਜਿਆ ਜਾਵੇ।

ਪਰਤੋ ਜੀ..

5.0 ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਆਰ.ਓ.ਟੀ. ਚਾਲੂ ਹਾਲਤ ਵਿੱਚ ਰੱਖੀਆਂ ਜਾਣ; ਜੇਕਰ ਕਿਸੇ ਕਾਰਨ ਕਰਕੇ ਸਕੂਲ ਦੀ ਆਰ.ਓ.ਟੀ. ਚਾਲੂ ਹਾਲਤ ਵਿੱਚ ਨਹੀਂ ਹੈ ਤਾਂ ਅਜਿਹੇ ਸਕੂਲਾਂ ਦੇ ਅਧਿਆਪਕ ਆਪਣੇ ਨੇੜਲੇ ਸਕੂਲ ਦੇ ਐਜੂਸੈਟ ਰਾਹੀਂ ਇਹ ਟ੍ਰੇਨਿੰਗ ਅਟੈਂਡ ਕਰਨਗੇ।

6.0 ਉਕਤ ਟ੍ਰੇਨਿੰਗ ਵਿੱਚ ਵੱਧ ਤੋਂ ਵੱਧ ਅਧਿਆਪਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਅਤੇ (ਸੈ.ਸਿੱ.) ਪੂਰਣ ਆਪਸੀ ਤਾਲ-ਮੇਲ ਅਤੇ ਸਹਿਯੋਗ ਨਾਲ ਕੰਮ ਕਰਨਗੇ।

7.0 ਟ੍ਰੇਨਿੰਗ ਤੋਂ ਬਾਅਦ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.) ਇਹ ਸੂਚਨਾ ਭੇਜਣਾ ਯਕੀਨੀ ਬਨਾਉਣਗੇ ਕਿ ਕਿੰਨੇ ਸਕੂਲਾਂ ਦੇ ਕਿੰਨੇ ਅਧਿਆਪਕਾਂ ਨੇ ਇਹ ਟ੍ਰੇਨਿੰਗ ਅਟੈਂਡ ਕੀਤੀ।

-ਸਹੀ-

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।

ਪਿੱਠ ਅੰਕਣ ਨੰ: ਆਈ.ਈ.ਡੀ./ਸਸਅ/2018/68416-18 ਮਿਤੀ : 13-11-18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਮਾਣਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ
2. ਡਿਪਟੀ ਐਸ.ਪੀ.ਡੀ. (ਐਜੂਸੈਟ)
3. ਸਮੂਹ ਸਕੂਲ ਮੁੱਖੀ, ਪੰਜਾਬ।

13/11

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।